pstcl
PUNJAB STATE TRANSMISSION CORPORATION LIMITED

**PUNJAB STATE TRANSMISSION CORPORATION LTD.**
(Regd. Office: PSEB Head Office, The Mall, Patiala-147001, Punjab, India)
Corporate Identity Number: U40109PB2010SGC033814
(O/O Dy. CE/HR & Admin, PSTCL, PATIALA)

Email- se-admin@pstcl.org Telephone No. 0175-2970693 Website: www.pstcl.org

ਵੱਲ

ਸਮੂਹ ਪ੍ਰਮੁੱਖ ਇੰਜੀਨੀਅਰ/ ਮੁੱਖ ਇੰਜੀਨੀਅਰ/ ਮੁੱਖ ਵਿੱਤ ਅਫਸਰ/ ਮੁੱਖ ਲੇਖਾ ਅਫਸਰ
ਅਤੇ ਵਿਭਾਗਾਂ ਦੇ ਮੁਖੀ, ਪੀ.ਐਸ.ਟੀ.ਸੀ.ਐਲ.।

ਮੀਮੋ ਨੰ. 5329 ਮਿਤੀ: 30.04.20121

ਵਿਸ਼ਾ: **Preventive measures to contain the spread of Novel Coronavirus (COVID-19) - Vaccination for State Government employees regarding.**

ਹਵਾਲਾ: ਸੁਪਰਡੈਂਟ, ਪ੍ਰਸੋਨਲ ਵਿਭਾਗ (ਪੀ.ਪੀ.2-ਸ਼ਾਖਾ), ਪੰਜਾਬ ਸਰਕਾਰ ਦੇ ਦਫਤਰ ਦਾ ਪੱਤਰ ਨੰ. 1/174976/2021/ ਮਿਸਲ ਨੰ. **PERS-PP-20 MISC/44/2021-4PP2** ਮਿਤੀ 29.04.2021

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਦਰਸਾਏ ਪੱਤਰ ਦੀ ਕਾਂਪੀ ਨੱਥੀ ਕਰਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਸਰਕਾਰ ਵਲੋਂ **State Government employees** ਲਈ **Novel Coronavirus (COVID-19)** ਦੀ **Vaccination** ਸਬੰਧੀ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

Further PSTCL management has desired that the entire staff of PSTCL be vaccinated by May 13th, 2021.

ਇਹ ਮਾਨਯੋਗ ਨਿਰਦੇਸ਼ਕ/ ਪ੍ਰਬੰਧਕੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

ਨੱਥੀ/ ਉਪਰੋਕਤ ਅਨੁਸਾਰ

ਉਪ ਮੁੱਖ ਇੰਜੀ./ ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ

5330/34
30/4/21

ਸੀ.ਸੀ.

1) ਸੀਨੀ:ਪੀ ਐਸ ਟੂ ਮਾਨਯੋਗ ਸੀ.ਐਮ.ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
2) ਸੀਨੀ: ਪੀ ਐਸ ਟੂ ਮਾਨਯੋਗ ਡਾਇਰੈਕਟਰ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
3) ਸੀਨੀ: ਪੀ ਐਸ ਟੂ ਮਾਨਯੋਗ ਡਾਇਰੈਕਟਰ/ ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
4) ਸੀਨੀ: ਪੀ ਐਸ ਟੂ ਮਾਨਯੋਗ ਡਾਇਰੈਕਟਰ/ ਐਫ ਐਂਡ ਸੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
5) ਮੁੱਖ ਇੰਜੀਨੀਅਰ/ ਐਚ.ਆਈ.ਐਸ. ਤੇ ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।

Scanned with CamScanner

1/174976/2021 ਫਿਸਲ ਨੰ:PERS-PP-20MISC/44/2021-4PP2

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪੀ.ਪੀ.2-ਸ਼ਾਖਾ)

ਮਿਤੀ,ਚੰਡੀਗੜ੍ਹ:29-04-2021

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਐਂਡ ਹਰਿਆਣਾ ਹਾਈ ਕੋਰਟ,
ਸਮੂਹ ਡਵੀਜ਼ਨਾ ਦੇ ਕਮਿਸ਼ਨਰਜ਼, ਜਿਲ੍ਹਿਆ ਦੇ ਡਿਪਟੀ ਕਮਿਸ਼ਨਰਜ਼ ਅਤੇ
ਸਬ ਡਵੀਜ਼ਨਲ ਮੈਜਿਸਟ੍ਰੇਟ, ਪੰਜਾਬ।

**Sub:** **Preventive measures to contain the spread of Novel Coronavirus (COVID-19) – Vaccination for State Government employees regarding.**

ਸ੍ਰੀਮਾਨ/ ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਦਿਵਾਉਂਦੇ ਹੋਵੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਦੇਸ਼ ਵਿੱਚ ਕੋਵਿਡ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ ਅਤੇ ਇਸ ਦੀ ਦੂਜੀ ਲਹਿਰ ਬਹੁਤ ਜਿਆਦਾ ਘਾਤਕ ਹੈ। ਇਸ ਲਈ ਇਸ ਬੀਮਾਰੀ ਨੂੰ ਫੈਲਣ ਤੋਂ ਰੋਕਣ ਲਈ ਕੋਰੋਨਾ ਦਾ ਟੀਕਾਕਰਨ ਹੀ ਇੱਕ ਵਿਕਲਪ ਹੈ। ਇੱਥੇ ਦੱਸਿਆ ਜਾਂਦਾ ਹੈ ਕਿ ਸਰਕਾਰੀ ਅਧਿਕਾਰੀ/ਕਰਮਚਾਰੀ ਸਰਕਾਰ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਲੋੜੀਂਦੀ ਸੇਵਾਵਾਂ ਨਿਭਾਉਂਦੇ ਹਨ। ਇਨ੍ਹਾਂ ਵੱਲੋ ਕਈ ਤਰ੍ਹਾਂ ਦੀਆਂ ਅਤਿ ਜਰੂਰੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਇਹ ਸਰਕਾਰ ਵੱਲੋ ਸਮੇਂ-ਸਮੇਂ ਤੇ ਜਾਰੀ ਸਕੀਮਾਂ ਨੂੰ ਲਾਗੂ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜੇਕਰ ਸਰਕਾਰੀ ਅਧਿਕਾਰੀ/ਕਰਮਚਾਰੀ ਕੋਰੋਨਾ ਪੀੜਿਤ ਹੋ ਜਾਂਦੇ ਹਨ ਤਾਂ ਲੋਕਾਂ ਨੂੰ ਜਰੂਰੀ ਸੇਵਾਵਾਂ ਪਹੁੰਚਾਉਣ ਵਿੱਚ ਰੁਕਾਵਟ ਆ ਸਕਦੀ ਹੈ। ਇਸ ਲਈ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਲਈ ਟੀਕਾਕਰਨ ਬਹੁਤ ਜਰੂਰੀ ਹੈ ਤਾਂ ਜੋ ਲੋਕਾ ਨੂੰ ਬਿਨ੍ਹਾ ਕਿਸੇ ਰੁਕਾਵਟ ਤੋਂ ਜਰੂਰੀ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਪੰਜਾਬ ਸਿਵਲ ਸੇਵਾਵਾਂ ਰੂਲਜ਼ (Volume I; Part I) ਦੇ ਰੂਲ 3.9 ਵਿੱਚ ਹੇਠ ਅਨੁਸਾਰ ਉਪਬੰਧ ਹੈ-

> **"Every Government employee shall get himself vaccinated and re-vaccinated at any time when so directed by the Government by general or special order."**

2. ਇਸ ਲਈ ਸਰਕਾਰ ਵੱਲੋ ਇਹ ਫੈਸਲਾ ਲਿਆ ਗਿਆ ਹੈ ਕਿ ਪੰਜਾਬ ਸਰਕਾਰ ਦੇ ਅਧੀਨ ਆਉਂਦੇ ਅਧਿਕਾਰੀ/ਕਰਮਚਾਰੀ ਵੱਲੋ ਕੋਰੋਨਾ (COVID-19) ਦਾ ਟੀਕਾਕਰਨ ਲਾਜ਼ਮੀ (Mandatorily) ਕਰਵਾਇਆ ਜਾਵੇ।

3. ਸਰਕਾਰ ਵੱਲੋ ਸਾਰੇ ਅਧਿਕਾਰੀਆਂ/ਕਰਮਚਾਰੀਆਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਟੀਕਾਕਰਨ ਸਮੇਂ ਉੱਥੇ ਮੌਜੂਦ ਮੈਡੀਕਲ ਡਾਕਟਰ ਦੀ ਸਲਾਹ ਦੇ ਆਧਾਰ ਤੇ ਟੀਕਾਕਰਨ ਕਰਵਾਉਣ। ਜੇਕਰ ਕਿਸੇ ਵੀ ਅਧਿਕਾਰੀ/ਕਰਮਚਾਰੀ ਨੂੰ ਮੈਡੀਕਲ condition ਦੇ ਆਧਾਰ ਤੇ ਡਾਕਟਰ ਟੀਕਾਕਰਨ ਤੋਂ ਮਨਾਹੀ ਕਰਦਾ ਹੈ ਤਾਂ ਉਹ ਟੀਕਾਕਰਨ ਤੋਂ exemption ਲੈ ਸਕਦਾ ਹੈ।

ਸੁਪਰਡੰਟ
ਪ੍ਰਸੋਨਲ ਸ਼ਾਖਾ

ਇਸ ਦਾ ਇੱਕ ਉਤਾਰਾ ਸਮੂਹ ਵਿਸ਼ੇਸ਼/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ
ਪ੍ਰਸੋਨਲ ਸ਼ਾਖਾ

ਸੇਵਾ ਵਿਖੇ,

ਸਮੂਹ ਵਿਸ਼ੇਸ਼/ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

Scanned with CamScanner